# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ: 04-04-2025**

ਸੰਸਦ ਨੇ ਵਕਫ਼ (ਤਰ੍ਮੀਮੀ) ਬਿੱਲ, 2025 ਨੂੰ ਅੱਜ ਤੜਕੇ ਰਾਜ ਸਭਾ ਵੱਲੋਂ ਮਨਜ਼ੂਰ ਕਰ ਦਿੱਤੇ ਜਾਣ ਨਾਲ ਪਾਸ ਕਰ ਦਿੱਤਾ ਏ। ਇਸ ਬਿੱਲ ਨੂੰ ਉਪਰਲੀ ਸਭਾ ਨੇ ਮਨਜ਼ੂਰੀ ਦੇ ਦਿੱਤੀ ਏ , ਤੇ ਇਸ ਦੇ ਹੱਕ ਵਿੱਚ 128 ਮੈਂਬਰਾਂ ਨੇ ਵੋਟ ਦਿੱਤੀ ਜਦੋਂ ਕਿ 95 ਮੈਂਬਰਾਂ ਨੇ ਕਾਨੂੰਨ ਦੇ ਵਿਰੁੱਧ ਵੋਟ ਪਾਈ। ਰਾਜ ਸਭਾ ਨੇ ਬਿੱਲ 'ਤੇ ਲਗਭਗ 12 ਘੰਟੇ ਚਰਚਾ ਕੀਤੀ । ਲੋਕ ਸਭਾ ਪਹਿਲਾਂ ਹੀ ਬਿੱਲ ਨੂੰ ਮਨਜ਼ੂਰੀ ਦੇ ਚੁੱਕੀ ਏ । ਵਕਫ਼ (ਤਰ੍ਮੀਮੀ) ਬਿੱਲ, 2025 ਦਾ ਉਦੇਸ਼ ਵਿਰਾਸਤੀ ਸਥਾਨਾਂ ਦੀ ਸੁਰੱਖਿਆ ਅਤੇ ਸਮਾਜਿਕ ਭਲਾਈ ਨੂੰ ਉਤਸ਼ਾਹਿਤ ਕਰਨ ਦੇ ਪ੍ਰਬੰਧਾਂ ਦੇ ਨਾਲ ਵਕਫ਼ ਜਾਇਦਾਦਾਂ ਦੇ ਪ੍ਰਬੰਧ ਨੂੰ ਸੁਚਾਰੂ ਬਣਾਉਣਾ ਏ । ਇਸ ਕਾਨੂੰਨ ਦਾ ਉਦੇਸ਼ ਜਾਇਦਾਦ ਦੇ ਪ੍ਰਬੰਧ ਵਿੱਚ ਪਾਰਦਰਸ਼ਤਾ ਵਧਾ ਕੇ, ਵਕਫ਼ ਬੋਰਡਾਂ ਅਤੇ ਸਥਾਨਕ ਅਧਿਕਾਰੀਆਂ ਵਿਚਕਾਰ ਤਾਲਮੇਲ ਨੂੰ ਸੁਚਾਰੂ ਬਣਾ ਕੇ ਅਤੇ ਹਿੱਸੇਦਾਰਾਂ ਦੇ ਅਧਿਕਾਰਾਂ ਦੀ ਰੱਖਿਆ ਕਰਕੇ ਸ਼ਾਸਨ ਨੂੰ ਬਿਹਤਰ ਬਣਾਉਣਾ ਵੀ ਏ । ਇਹ ਬਿੱਲ ਮੁਸਲਿਮ ਔਰਤਾਂ, ਖਾਸ ਕਰ ਕੇ

ਵਿਧਵਾਵਾਂ ਅਤੇ ਤਲਾਕਸ਼ੁਦਾ ਔਰਤਾਂ ਦੀ ਆਰਥਿਕ ਅਤੇ ਸਮਾਜਿਕ ਸਥਿਤੀ ਨੂੰ ਬਿਹਤਰ ਬਣਾਉਣ ਦੀ ਵੀ ਕੋਸ਼ਿਸ਼ ਕਰਦਾ ਏ । ਇਸ ਬਿੱਲ ਦਾ ਉਦੇਸ਼ ਵਕਫ਼ ਬੋਰਡ ਨੂੰ ਵਧੇਰੇ ਸਮਾਵੇਸ਼ੀ ਬਣਾਉਣਾ ਹੈ, ਜਿਸ ਵਿੱਚ ਬਿਹਤਰ ਵਕਫ਼ ਸ਼ਾਸਨ ਅਤੇ ਫੈਸਲਾ ਲੈਣ ਲਈ ਵੱਖ-ਵੱਖ ਮੁਸਲਿਮ ਸੰਪਰਦਾਵਾਂ ਦੀ ਪ੍ਰਤੀਨਿਧਤਾ ਹੋਵੇਗੀ। ਵਕਫ਼ (ਸੋਧ) ਵਕਫ਼ ਪ੍ਰਸ਼ਾਸਨ ਲਈ ਇੱਕ ਧਰਮ ਨਿਰਪੱਖ, ਪਾਰਦਰਸ਼ੀ ਅਤੇ ਜਵਾਬਦੇਹ ਪ੍ਰਣਾਲੀ ਸਥਾਪਤ ਕਰਦਾ ਏ । ਬਿੱਲ 'ਤੇ ਬਹਿਸ ਦਾ ਜਵਾਬ ਦਿੰਦੇ ਹੋਏ, ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਕਿਰੇਨ ਰਿਜੀਜੂ ਨੇ ਕਿਹਾ ਕਿ ਇਸ ਕਾਨੂੰਨ ਤੋਂ ਕਰੋੜਾਂ ਗਰੀਬ ਮੁਸਲਮਾਨਾਂ ਨੂੰ ਲਾਭ ਹੋਵੇਗਾ ਅਤੇ ਇਹ ਕਿਸੇ ਵੀ ਤਰ੍ਹਾਂ ਕਿਸੇ ਮੁਸਲਮਾਨ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ ।**Byte**

---------------------------------------------------------

ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਬੀਤੇ ਦਿਨੀਂ ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ ਤੋਂ ਨਸ਼ਿਆਂ ਖਿਲਾਫ਼ ਜਾਗਰੂਕਤਾ ਲਿਆਉਣ ਲਈ ਸ਼ੁਰੂ ਕੀਤੀ ਗਈ ਪੈਦਲ ਯਾਤਰਾ ਦਾ ਅੱਜ ਦੂਜਾ ਦਿਨ ਏ । ਅੱਜ ਫਤਿਹਗੜ੍ਹ ਚੂੜੀਆਂ ਤੋਂ ਸ਼ੁਰੂ ਹੋਈ ਇਸ ਪੈਦਲ ਯਾਤਰਾ ਵਿੱਚ ਸਮਾਜ ਸੇਵੀ ਸੰਸਥਾਵਾਂ, ਸਕੂਲੀ ਵਿਦਿਆਰਥੀਆਂ ਤੇ ਹੋਰਨਾਂ ਨੇ ਸ਼ਮੂਲੀਅਤ ਕੀਤੀ । ਰਾਜਪਾਲ ਕਟਾਰੀਆ ਨੇ ਕਿਹਾ ਕਿ ਇਹ ਯਾਤਰਾ

ਉਹਨਾਂ ਦੀ ਨਹੀਂ ਬਲਕਿ ਸਾਰੇ ਸਮਾਜ ਦੀ ਏ। ਉਹਨਾਂ ਕਿਹਾ ਕਿ ਜਦੋਂ ਤੱਕ ਹਰ ਇੱਕ ਵਿਅਕਤੀ ਆਪਣੇ ਪੰਜਾਬ ਨੂੰ ਨਸ਼ਿਆਂ ਦੀ ਲਾਹਣਤ ਤੋਂ ਆਜ਼ਾਦ ਕਰਨ ਲਈ ਲਾਮਬੰਦ ਨਹੀਂ ਹੋਵੇਗਾ ਉਦੋਂ ਤੱਕ ਸਾਨੂੰ ਸਫਲਤਾ ਨਹੀਂ ਮਿਲੇਗੀ। ***Byte…***

ਇਸ ਮੌਕੇ ਰਾਜਪਾਲ ਵੱਲੋਂ ਉਥੇ ਹਾਜ਼ਰ ਜਨਸਮੂਹ ਨੂੰ ਨਸ਼ਿਆਂ ਖਿਲਾਫ਼ ਆਪਣਾ ਯੋਗਦਾਨ ਪਾਉਣ ਲਈ ਸਹੁੰ ਵੀ ਚੁਕਾਈ ਗਈ ।

-----------------------------------------------------

ਉਘੇ ਫਿਲਮ ਅਦਾਕਾਰ ਅਤੇ ਨਿਰਦੇਸ਼ਕ ਮਨੋਜ ਕੁਮਾਰ ਦਾ ਅੱਜ ਸਵੇਰੇ ਮੁੰਬਈ ਵਿੱਚ ਦੇਹਾਂਤ ਹੋ ਗਿਆ। ਉਹ 87 ਸਾਲਾਂ ਦੇ ਸਨ। ਹਿੰਦੀ ਫਿਲਮ ਜਗਤ ਦੇ ਇਹ ਮਹਾਨ ਅਦਾਕਾਰ ਆਪਣੀਆਂ ਦੇਸ਼ ਭਗਤੀ ਵਾਲੀਆਂ ਫਿਲਮਾਂ ਲਈ '**ਭਾਰਤ ਕੁਮਾਰ**' ਦੇ ਨਾਂ ਨਾਲ ਵੀ ਜਾਣੇ ਜਾਂਦੇ ਸਨ । **Song**---

ਉਨ੍ਹਾਂ ਨੂੰ ਦਹਾਕਿਆਂ ਤੱਕ ਭਾਰਤੀ ਸਿਨੇਮਾ ਵਿੱਚ ਆਪਣੇ ਅਥਾਹ ਯੋਗਦਾਨ ਲਈ ਵੱਕਾਰੀ ਪਦਮ ਸ਼੍ਰੀ ਅਤੇ ਦਾਦਾ ਸਾਹਿਬ ਫਾਲਕੇ award ਪ੍ਰਾਪਤ ਹੋਇਆ ਸੀ। ਮਨੋਜ ਕੁਮਾਰ ਦੇ ਦੇਹਾਂਤ ਤੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ, ਉਪ ਰਾਸ਼ਟਰਪਤੀ ਜਗਦੀਪ ਧਨਖੜ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅਫਸੋਸ ਪ੍ਰਗਟ ਕੀਤਾ ਏ ।

ਹਰਿਕ੍ਰਿਸ਼ਨ ਗਿਰੀ ਗੋਸਵਾਮੀ ਦੇ ਰੂਪ ਵਿੱਚ ਜਨਮੇ, ਕੁਮਾਰ ਨੇ ਬਾਲੀਵੁੱਡ ਵਿੱਚ ਦੇਸ਼ ਭਗਤੀ ਵਾਲੀਆਂ ਫਿਲਮਾਂ ਦੇ ਬਿਰਤਾਂਤ ਨੂੰ ਨੁਹਾਰ ਦਿੱਤੀ ਅਤੇ ਉਪਕਾਰ Purab Aur Paschim ਅਤੇ ਕ੍ਰਾਂਤੀ ਵਰਗੀਆਂ ਕਈ ਕਲਾਸਿਕ ਫਿਲਮਾਂ ਦਿੱਤੀਆਂ ਨੇ। ਇੱਕ ਦੇਸ਼ ਭਗਤ ਨਾਇਕ ਵਜੋਂ ਉਨ੍ਹਾਂ ਦੇ ਪਰਦੇ 'ਤੇ ਕਿਰਦਾਰ ਨੇ ਉਨ੍ਹਾਂ ਨੂੰ **'ਭਾਰਤ ਕੁਮਾਰ'** ਦਾ ਨਾਂ ਦਿੱਤਾ। ਉਨ੍ਹਾਂ ਦੀ ਅਭੁੱਲ ਕਾਰਗੁਜ਼ਾਰੀ ਅਤੇ ਸਕ੍ਰੀਨ ‘ਤੇ ਕਰਿਸ਼ਮਈ ਮੌਜੂਦਗੀ ਨੇ ਇੱਕ ਅਮਿੱਟ ਛਾਪ ਛੱਡੀ। ....**song**...

---------------------------------------------------------

ਇੱਕ ਪਾਕਿਸਤਾਨੀ ਹਿੰਦੂ ਔਰਤ ਨੇ ਕੱਲ੍ਹ ਸ਼ਾਮ ਅਟਾਰੀ-ਵਾਹਗਾ ਸਾਂਝੀ ਚੈੱਕਪੋਸਟ ਪਾਰ ਕਰਨ ਤੋਂ ਬਾਅਦ ਭਾਰਤ ਵਿੱਚ ਏਕੀਕ੍ਰਿਤ ਚੈੱਕ ਪੋਸਟ 'ਤੇ ਪਹੁੰਚਣ ’ਤੇ ਇੱਕ ਬੱਚੀ ਨੂੰ ਜਨਮ ਦਿੱਤਾ ਏ। ਮਾਇਆ ਨਾਂ ਦੀ ਇਸ ਔਰਤ ਨੇ ਜਿਸ ਬੱਚੀ ਨੂੰ ਜਨਮ ਦਿੱਤਾ ਏ ਉਸ ਦਾ ਨਾਂ ਭਾਰਤ ਦੇਸ਼ ਦੇ ਨਾਂ ’ਤੇ **ਭਾਰਤੀ** ਰੱਖਿਆ ਗਿਆ ਏ, ਜੋ ਉਸ ਦੇ ਜਨਮ ਦੇ ਦੇਸ਼ ਦੀ ਪਛਾਣ ਕਰਦਾ ਏ । ਮਾਇਆ ਅਤੇ ਉਸ ਦਾ ਪਤੀ 149 ਪਾਕਿਸਤਾਨੀ ਹਿੰਦੂਆਂ ਦੇ ਇੱਕ ਸਮੂਹ ਦਾ ਹਿੱਸਾ ਨੇ ਜੋ ਦਿੱਲੀ, ਹਰਿਦੁਆਰ, ਅਹਿਮਦਾਬਾਦ ਅਤੇ ਜੋਧਪੁਰ ਜਾਣ ਲਈ 25 ਦਿਨਾਂ ਦੇ ਵੀਜ਼ੇ 'ਤੇ ਭਾਰਤ ਆਏ ਨੇ। ਦੋ ਸਾਲ ਪਹਿਲਾਂ, ਇੱਕ ਪਾਕਿਸਤਾਨੀ

ਹਿੰਦੂ ਜੋੜੇ ਦੇ ਵੀ ਇੱਕ ਬੱਚੇ ਦਾ ਜਨਮ ਹੋਇਆ ਸੀ ਜੋ ਇੱਕ ਸਮੂਹ ਦੇ ਨਾਲ ਭਾਰਤ ਦੀ ਯਾਤਰਾ 'ਤੇ ਸਨ। ਉਸ ਦਾ ਨਾਮ '**ਬਾਰਡਰ**' ਰੱਖਿਆ ਗਿਆ ਸੀ।

----------------------------------------------------

ਪੰਜਾਬ ਸਰਕਾਰ ਨੇ ਹਾਲ ਹੀ ਵਿੱਚ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੀ ਸਿਫ਼ਾਰਸ਼ 'ਤੇ ਇੱਕ ਕੇਸ ਵਿਚ ਇੱਕ ਵਿਅਕਤੀ ਦੀ ਹਿਰਾਸਤ ਵਿਚ ਮੌਤ ਹੋ ਜਾਣ ਦੇ ਮਾਮਲੇ ਵਿੱਚ ਮ੍ਰਿਤਕ ਦੀ ਮਾਂ ਨੂੰ 3 ਲੱਖ ਰੁਪਏ ਦਾ ਮੁਆਵਜ਼ਾ ਦਿੱਤਾ ਏ । ਕਮਿਸ਼ਨ ਦੇ ਹਲਕਿਆਂ ਨੇ ਆਕਾਸ਼ਵਾਣੀ ਖਬਰਾਂ ਨੂੰ ਦੱਸਿਆ ਏ ਕਿ ਕਮਿਸ਼ਨ ਦੇ ਚੇਅਰਪਰਸਨ, ਜਸਟਿਸ ਸੰਤ ਪ੍ਰਕਾਸ਼ ਵੱਲੋਂ, ਜੇਲ੍ਹ ਅਧਿਕਾਰੀਆਂ ਦੀਆਂ ਸਾਰੀਆਂ ਰਿਪੋਰਟਾਂ, ਜਵਾਬਾਂ ਅਤੇ ਨਿੱਜੀ ਬੇਨਤੀਆਂ ਦਾ ਮੁਲਾਂਕਣ ਕਰਨ ਤੋਂ ਬਾਅਦ, ਜੇਲ੍ਹ ਅਧਿਕਾਰੀਆਂ ਵੱਲੋਂ ਲਾਪਰਵਾਹੀ ਕੀਤੀ ਪਾਈ ਗਈ । ਨਤੀਜੇ ਵਜੋਂ, ਰਾਜ ਸਰਕਾਰ ਨੂੰ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਅਤੇ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ ਗਿਆ । ਇਹ ਮਾਮਲਾ ਮੁਕੱਦਮੇ ਦਾ ਸਾਹਮਣਾ ਕਰ ਰਹੇ ਇੱਕ ਵਿਅਕਤੀ, ਭਾਗ ਰਾਮ ਨਾਲ ਸਬੰਧਤ ਏ ਜਿਸ ਨੂੰ ਜੁਲਾਈ 2018 ਵਿਚ ਕੇਂਦਰੀ ਜੇਲ੍ਹ, ਲੁਧਿਆਣਾ ਵਿੱਚ ਬੰਦ ਕੀਤਾ ਗਿਆ ਸੀ।

ਅਕਤੂਬਰ 2018 ਵਿਚ, ਉਸ ਨੇ ਜੇਲ੍ਹ 'ਚ ਫਾਹਾ ਲਈ ਲਿਆ ਸੀ। ਕਮਿਸ਼ਨ ਨੇ ਮਾਮਲੇ ਦਾ ਨੋਟਿਸ ਲਿਆ ਅਤੇ ਸਬੰਧਤ ਅਧਿਕਾਰੀਆਂ ਤੋਂ ਜ਼ਰੂਰੀ ਰਿਪੋਰਟਾਂ ਮੰਗੀਆਂ। ਮੁਆਵਜ਼ਾ ਦੇਣ ਦਾ ਹੁਕਮ ਪਿਛਲੇ ਸਾਲ 30 ਮਾਰਚ ਨੂੰ ਰਾਜ ਸਰਕਾਰ ਨੂੰ ਦਿੱਤਾ ਗਿਆ ਸੀ ਅਤੇ ਮੁਆਵਜ਼ਾ ਇਸ ਮਹੀਨੇ ਦਿੱਤਾ ਗਿਆ ਏ ।